ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ ਸਿੱਖਿਆ) ਪੰਜਾਬ, ਐਸ.ਏ.ਐਸ. ਨਗਰ।

( ਪ੍ਰਮੋਸ਼ਨ ਸੈਲ )

ਹੁਕਮ ਨੰ 1136232- **DPISE/63/2026-PROMOTION-DPISE**

**ਮਿਤੀ 04.06.2026**

**ਮਾਸਟਰ ਕਾਡਰ ਦੀ ਸੀਨੀਆਰਤਾ ਬਾਬਤ**

1.0 ਸਿੱਖਿਆ ਵਿਭਾਗ ਵੱਲੋਂ ਮਾਸਟਰ ਕਾਡਰ ਦੀ ਸੀਨੀਆਰਤਾ ਮਿਤੀ 29.05.2024 / 05.08.2024 ਨੂੰ ਜਾਰੀ ਕਰਦੇ ਹੋਏ ਵਿਭਾਗ ਦੀ ਵੈਬਸਾਈਟ ਤੇ ਪ੍ਰਕਾਸ਼ਿਤ ਕਰਦੇ ਹੋਏ ਜਨਤਕ ਕੀਤੀ ਗਈ ਸੀ।

2.0 ਉਕਤ ਦੀ ਲਗਾਤਾਰਤਾ ਵਿੱਚ 3704 ਮਾਸਟਰ ਕਾਡਰ ਦੀ ਭਰਤੀ ਦੇ ਇਸ਼ਤਿਹਾਰ ਦੇ ਸਬੰਧ ਵਿੱਚ ਵੱਖ ਵੱਖ ਸਮੇਂ ਦੌਰਾਨ ਸਿ.ਰਿ.ਪ. 26713 ਆਫ 2025 ਸਤਿਗੁਰੂ ਬਨਾਮ ਪੰਜਾਬ ਸਰਕਾਰ, ਸਿ.ਰਿ.ਪ. 5442 ਆਫ 2026 ਸੁਖਪਾਲ ਸਿੰਘ ਅਤੇ ਹੋਰ ਅਤੇ ਸਿ.ਰਿ.ਪ. 31680 ਆਫ 2025 ਗੌਰਵ ਸ਼ਰਮਾ ਬਨਾਮ ਪੰਜਾਬ ਸਰਕਾਰ ਦੇ ਕੇਸਾਂ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਦਿੱਤੇ ਗਏ ਫੈਸਲਿਆਂ ਅਨੁਸਾਰ ਯੋਗ ਪਟੀਸ਼ਨਰਾਂ ਨੂੰ ਨਿਯੁਕਤੀ ਦਿੱਤੀ ਗਈ ਸੀ।

3.0 ਇਨ੍ਹਾਂ ਨਿਯੁਕਤ ਹੋਏ ਪਟੀਸ਼ਨਰਾਂ ਵਿੱਚੋ ਸਿ.ਰਿ.ਪ. 26713 ਆਫ 2025 ਦੇ ਸਬੰਧ ਵਿੱਚ ਪਟੀਸ਼ਨਰ ਨੰ 14, 25 ਅਤੇ 27, ਸਿ.ਰਿ.ਪ. 5442 ਆਫ 2026 ਅਧੀਨ ਪਟੀਸ਼ਨਰ ਨੰ 2, 3, 4, 5, 7, 8, 9, 2, 14, 15, 16, 17, 18, 19, 20 ਅਤੇ 21 ਅਤੇ ਸਿ.ਰਿ.ਪ. 31680 ਆਫ 2025 ਗੌਰਵ ਸ਼ਰਮਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ 1 ਤੋਂ 9 ਤੱਕ ਦੇ ਪਟੀਸ਼ਨਰਾਂ ਵੱਲੋਂ ਆਪਣਾ ਸੀਨੀਆਰਤਾ ਦਾ ਕੇਸ ਮੁਖ ਦਫਤਰ ਨਹੀਂ ਭੇਜਿਆ ਗਿਆ। ਸਮੂਹ ਸਬੰਧਤ ਰਿੱਟ ਪਟੀਸ਼ਨਾਂ ਦੇ ਪਟੀਸ਼ਨਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਸੀਨੀਆਰਤਾ ਦੇ ਕੇਸ ਸੀਨੀਆਰਤਾ ਦੇ ਨਿਰਧਾਰਿਤ ਪ੍ਰੋਫਾਰਮੇ ਅਨੁਸਾਰ ਸਮੇਤ ਲਾਜਮੀ ਦਸਤਾਵੇਜ ਯੋਗ ਪ੍ਰਣਾਲੀ ਰਾਹੀਂ ਮੁੱਖ ਦਫਤਰ ਵਿਖੇ ਮਿਤੀ 17.06.2026 ਨੂੰ ਦਫਤਰ ਜਿਲ੍ਹਾਂ ਸਿੱਖਿਆ ਅਫਸਰ (ਸੈ.ਸਿ) ਰਾਹੀਂ ਦਸਤੀ ਜਮਾ ਕਰਵਾਏ ਜਾਣ।

4.0 ਇਸ ਤੋਂ ਇਲਾਵਾ ਇਹ ਵੀ ਦੱਸਿਆ ਜਾਂਦਾ ਹੈ ਕਿ 3704 ਦੇ ਭਰਤੀ ਦੇ ਇਸ਼ਤਿਹਾਰ ਤਹਿਤ ਜੇਕਰ ਕੋਈ ਹੋਰ ਨਿਯੁਕਤੀਆਂ ਕੋਰਟ ਕੇਸ ਰਾਹੀਂ ਹੋਈਆਂ ਹਨ ਪਰੰਤੂ ਉਨ੍ਹਾਂ ਦਾ ਨਾਮ ਮਾਸਟਰ ਕਾਡਰ ਦੀ ਸੀਨੀਆਰਤਾ ਦੇ ਜਨਤਕ ਹੋਣ ਤੋਂ ਬਾਅਦ ਸੀਨੀਆਰਤਾ ਵਿੱਚ ਦਰਜ ਨਹੀਂ ਹੋਇਆ ਤਾਂ ਉਹ ਵੀ ਆਪਣੇ ਕੇਸ ਯੋਗ ਪ੍ਰਣਾਲੀ ਰਾਹੀਂ ਮੁੱਖ ਦਫਤਰ ਵਿਖੇ ਮਿਤੀ 17.06.2026 ਤੱਕ ਭੇਜਣਾ ਯਕੀਨੀ ਬਣਾਉਣਗੇ।

8.6.26

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)